੨੬੬

ਮਨ ਰੇ ਕਿਉ ਛੂਟਹਿ ਬਿਨੁ ਪਿਆਰ

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਗੁਰਮਤਿ ਜਿਸਨੂੰ ਆਮ ਭਾਸ਼ਾ ਅੰਦਰ ਸਿੱਖ ਧਰਮ ਦਾ ਨਾਮ ਦਿੱਤਾ ਗਿਆ ਹੈ, ਉਸ ਸਿੱਖਿਆ ਦੀ ਧਾਰਨੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹੈ। ਉਸਨੂੰ ਸੰਖੇਪ ਰੂਪ ਵਿੱਚ ਗੁਰਬਾਣੀ ਕਿਹਾ ਗਿਆ ਹੈ ਅਤੇ ਉਸ ਦੀ ਵਡਿਆਈ ਇੰਜ ਮਿਲਦੀ ਹੈ:

– ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥ (੬੭)

– ਗੁਰ ਕੀ ਬਾਣੀ ਸਿਉ ਲਾਇ ਪਿਆਰੁ॥ ਐਥੈ ਓਥੈ ਏਹੁ ਅਧਾਰੁ॥ (੧੩੩੫)

ਇਸ ਨੂੰ ਪੜ੍ਹਨ ਸੁਣਨ ਤੇ ਅੰਤਰ ਆਤਮੇ ਵਸਾਉਣ ਦਾ ਲਾਭ ਇਉਂ ਦੱਸਿਆ ਹੈ:

– ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥ (੭੯੭)

– ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ॥ (੩੮੨)

ਜਿਨ੍ਹਾਂ ਨੂੰ ਗੁਰਬਾਣੀ ਦੀ ਇਹ ਵਡਿਆਈ ਨਿਸ਼ਚੇ ਹੋ ਗਈ, ਉਨ੍ਹਾਂ ਬਾਰੇ ਇੰਜ ਕਿਹਾ ਹੈ:

– ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ॥ (੧੪੦੨)

– ਹਰਿ ਕੈ ਨਾਇ ਸਦਾ ਹਰੀਆਵਲੀ ਫਿਰਿ ਸੁਕੈ ਨਾ ਕੁਮਲਾਇ॥ (੧੨੭੬)

– ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ॥ (੧੯੨)

ਪਰ ਨਾਮ ਨੂੰ ਆਪਣਾ ਆਧਾਰ ਬਣਾਉਣਾ ਅਤੇ ਮਨ ਨੂੰ ਉਡਾਰੀਆਂ ਤੋਂ ਰੋਕਣ ਵਾਸਤੇ ਇਸ ਨੂੰ ਕਿਸੇ ਆਹਰੇ ਲਾਉਣਾ ਪੈਂਦਾ ਹੈ। ਅਜਿਹਾ ਸ੍ਰੇਸ਼ਟ ਆਹਰ ਮਨ ਨੂੰ ਵਾਹਿਗੁਰੂ ਦੀਆਂ ਵਡਿਆਈਆਂ ਵੱਲ ਲਾਉਣਾ ਅਥਵਾ ਉਸ ਦੀਆਂ ਅਨੇਕ ਬਖ਼ਸ਼ਿਸ਼ਾਂ ਦਾ ਧਿਆਨ ਧਰਨਾ ਅਤੇ ਇਨ੍ਹਾਂ ਲਈ ਉਸ ਦਾ ਸ਼ੁਕਰ ਤੇ ਧੰਨਵਾਦ ਕਰਨਾ ਹੈ।

– ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ॥ ਤਿਸਹਿ ਤਿਆਗਿ ਅਵਰ ਸੰਗਿ ਰਚਨਾ॥ (੨੬੭)

– ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ॥ ਲਿਵ ਲਾਵਹੁ ਤਿਸੁ ਰਾਮ ਸਨੇਹੀ॥
ਜਿਹ ਪ੍ਰਸਾਦਿ ਬਾਗ ਮਿਲਖ ਧਨਾ॥ ਰਾਖੁ ਪਰੋਇ ਪ੍ਰਭੁ ਅਪੁਨੇ ਮਨਾ॥ (੨੭੦)

ਪਰ ਨਿਰੰਕਾਰ ਦੇ ਐਸੇ ਗੁਣਾਂ ਤੇ ਬਖ਼ਸ਼ਿਸ਼ਾਂ ਦੇ ਧਿਆਨ ਅੰਦਰ ਮਨ ਤਦ ਹੀ ਜੁੜੇਗਾ ਜੇ ਸਾਡੇ ਮਨ ਵਿੱਚ:

– ਹਰਿ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ ਹੋਈ॥ (੧੧੧੫)

ਅਤੇ ਜੇ ਹਰੀ ਦੇ ਗੁਣਾਂ ਤੇ ਮਨ ਟਿਕ ਜਾਵੇ ਤਾਂ ਉਸ ਦਾ ਹਰੀ ਨਾਲ ਮੇਲ ਹੋ ਜਾਵੇਗਾ।

– ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ॥ ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ॥ (੭੨੯)

ਐਸੇ ਮਨੁੱਖ ਦੀ ਦਸ਼ਾ ਅੰਨ੍ਹੇ ਨੂੰ ਸੋਟੀ ਦੇ ਸਹਾਰੇ ਵਾਲੀ ਹੋਵੇਗੀ।

– ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ॥ ਰਾਮ ਨਾਮੁ ਹਰਿ ਟੇਕ ਹੈ ਨਿਸਿ ਦਉਤ ਸਵਾਰੈ॥ (੪੨੨)

ਮਨ ਨੂੰ ਕਿਸੇ ਆਹਰੇ ਲਾਉਣਾ ਅੰਨ੍ਹੇ ਨੂੰ ਸੋਟੀ ਦੇ ਸਹਾਰੇ ਵਾਂਗ ਮਨ ਨੂੰ ਟੋਹਣੀ ਦੇਣ ਦੇ ਤੁੱਲ ਹੈ। ਫਿਰ ਇਹ ਆਹਰ ਅਜੇਹਾ ਹੋਵੇ ਜੋ ਕਦੇ ਖ਼ਤਮ ਨਾ ਹੋਵੇ ਤੇ ਮਨ ਉਡਣੋਂ ਹਟ ਸਕੇ। ਨਾ ਆਹਰ ਖ਼ਤਮ ਹੋਵੇ ਅਤੇ ਨਾਂ ਮਨ ਨੂੰ ਕੋਈ ਹੋਰ ਗੱਲ ਸੋਚਣ ਜਾਂ ਕਿਸੇ ਹੋਰ ਪਾਸੇ ਧਿਆਨ ਦੇਣ ਦੀ ਲੋੜ ਪਵੇ। ਦੁਨੀਆਦਾਰੀ ਦੇ ਸਾਰੇ ਆਹਰ ਸਮਾਂ ਬੱਧ ਹਨ ਅਥਵਾ ਅਜੇਹੇ ਹਰ ਆਹਰ ਦੇ ਪੂਰਾ ਹੋ ਜਾਣ ਤੇ ਮਨ ਨੇ ਫਿਰ ਵਿਹਲਾ ਹੋ ਜਾਣਾ ਹੁੰਦਾ ਹੈ। ਇਸ ਲਈ ਮਨ ਨੂੰ ਅਜੇਹੇ ਧਿਆਨ ਵੱਲ ਲਾਉਣ ਦੀ ਲੋੜ ਹੈ ਜੋ ਕਦੀ ਖ਼ਤਮ ਨਾ ਹੋਵੇ। ਅਜੇਹਾ ਕਦੇ ਨਾ ਖ਼ਤਮ ਹੋਣ ਵਾਲਾ ਅਤੇ ਮਨ ਨੂੰ ਹਮੇਸ਼ਾ ਰੁਝਾਈ ਰੱਖਣ ਵਾਲਾ ਧਿਆਨ ਤਾਂ ਉਸੇ ਗੱਲ ਦਾ ਹੋ ਸਕਦਾ ਹੈ ਜਿਸਦਾ ਕੋਈ ਆਦਿ ਅੰਤ ਨਾ ਹੋਵੇ ਅਜਿਹੀ ਇੱਕੋ ਇੱਕ ਹੋਂਦ ਨਿਰਅਕਾਰ ਪ੍ਰਭੂ ਦੀ ਹੀ ਹੋ ਸਕਦੀ ਹੈ ਜੋ:

– ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ (੧)

ਉਹ ਅਨੇਕ ਗੁਣਾਂ ਦਾ ਭੰਡਾਰਾ ਜਿਸ ਨੂੰ ਗੁਣੀ ਨਿਧਾਨਾ ਵੀ ਕਿਹਾ ਗਿਆ ਹੈ।

– ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥
ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ॥ (੭੩੫)

ਪਰ ਐਸੇ ਗੁਣੀ ਨਿਧਾਨ ਜਿਸ ਨੂੰ ਅਸੀਂ ਆਪਣੇ ਗਿਆਨ ਇੰਦ੍ਰਿਆਂ ਰਾਹੀਂ ਵੇਖ, ਸੁਣ ਅਤੇ ਸਮਝ ਨਹੀਂ ਸਕਦੇ, ਉਸ ਉਪਰ ਧਿਆਨ ਕੇਂਦਰਤ ਕਰਨਾ, ਉਸਦੇ ਗੁਣਾਂ ਨੂੰ ਹਿਰਦੇ ਵਿੱਚ ਵਸਾਉਣਾ ਅਤੇ ਉਸ ਵੱਲੋਂ ਬੇ-ਧਿਆਨੇ ਨਾ ਹੋਣਾ ਅਤਿਅੰਤ ਕਠਨ ਘਾਲਣਾ ਹੈ। ਗੁਰੂ ਫੁਰਮਾਨ ਹੈ:

– ਹਰਿ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ ਹੋਈ॥ (੧੧੧੫)

ਵਾਹਿਗੁਰੂ ਦੀਆਂ ਬੇਅੰਤ ਵਡਿਆਈਆਂ ਦੇ ਨਿਰੰਤਰ ਅਹਿਸਾਸ ਅਤੇ ਅਭਿਆਸ ਅੰਦਰ ਸਫ਼ਲਤਾ ਉਸ ਨੂੰ ਹੋਵੇਗੀ ਜਿਸ ਅੰਦਰ ਵਾਹਿਗੁਰੂ ਦੇ ਨਿਰਮਲ ਭਉ ਅਤੇ ਅੰਤਰ ਆਤਮੇ ਪਿਆਰ ਦੀ ਨਿੱਘ ਮੌਜੂਦ ਹੋਵੇ। ਨਿਰਮਲ ਭਉ ਦੀ ਵਡਿਆਈ ਗੁਰਬਾਣੀ ਅੰਦਰ ਇਉਂ ਮਿਲਦੀ ਹੈ:

– ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥ (੬੯੪)

– ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ॥ (੪੬੫)

ਜਪੁਜੀ ਸਾਹਿਬ ਅੰਦਰ ਵੀ **"ਕਿਵ ਸਚਿਆਰਾ ਹੋਈਐ"** ਦਾ ਉੱਤਰ **"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ"** ਦੁਆਰਾ ਦਿੱਤਾ ਗਿਆ ਹੈ ਅਤੇ **"ਹੁਕਮਿ ਰਜਾਈ"** ਦੀ ਵਿਆਖਿਆ ਇਸਦੇ ਨਾਲ ਹੀ ਅਗਲੀ ਪਉੜੀ ਅਤੇ ਸਮੁੱਚੇ ਤੌਰ 'ਤੇ ਹੁਕਮ ਅਤੇ ਹਉਮੈ ਦਾ ਵਿਚਾਰ ਦਿੰਦੇ ਹੋਏ ਸਪੱਸ਼ਟ ਰੂਪ ਵਿੱਚ ਕੀਤੀ ਹੈ। ਹੁਕਮ ਕਰਤੇ ਦੀ ਖੇਡ ਹੈ ਜੋ ਦੁਨੀਆਂ ਅੰਦਰ ਵਰਤਦੀ ਹੈ। ਉਹ ਜੋ ਕੁੱਝ ਕਰਦਾ ਜਾਂ ਵਰਤਾਉਂਦਾ ਹੈ ਜੋ ਉਸਨੂੰ ਚੰਗਾ ਲੱਗਦਾ ਹੈ। ਮਨੁੱਖਾਂ ਨੂੰ ਕਰਤੇ ਵੱਲੋਂ ਵਰਤਾਈ ਹਰ ਗੱਲ ਨੂੰ ਚੰਗਾ ਜਾਣਦੇ ਹੋਇ ਇਹੋ ਕਹਿਣਾ ਬਣਦਾ ਹੈ ਕਿ:

– ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ (੪)

– ਭੈ ਬਿਨੁ ਭਗਤਿ ਨ ਹੋਈ ਕਬ ਹੀ ਭੈ ਭਾਇ ਭਗਤਿ ਸਵਾਰੀ॥ (੯੧੧)

– ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ॥ (੧੧੧੬)

– ਭੈ ਬਿਨੁ ਕੋਇ ਨ ਲੰਘਸਿ ਪਾਰਿ॥ (੧੫੧)

ਕਿਉਂਕਿ ਅਜੇਹਾ ਨਿਰਮਲ ਭਉ ਹਿਰਦੇ ਰੂਪੀ ਘਰ ਵਿੱਚ ਵਸ ਜਾਣ ਨਾਲ ਹੀ ਆਪਣੇ ਅਸਲ ਘਰ ਦੀ ਲਖਤਾ ਤਥਾ ਪਛਾਣ ਹੁੰਦੀ ਹੈ ਅਤੇ ਜਿਸ ਹਿਰਦੇ ਰੂਪੀ ਘਰ ਵਿੱਚ ਪ੍ਰਮੇਸ਼ਰ ਦਾ ਡਰ ਵਸ ਜਾਏ, ਉਸ ਘਰ ਅਥਵਾ ਹਿਰਦੇ ਵਿੱਚੋਂ ਹੋਰ ਸਾਰੇ ਡਰ ਦੂਰ ਹੋ ਜਾਂਦੇ ਹਨ।

– ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ॥ (੧੫੧)

ਜਿਸ ਹਿਰਦੇ ਰੂਪੀ ਘਰ ਵਿੱਚ ਪ੍ਰਮੇਸ਼ਰ ਦਾ ਡਰ ਵਸ ਜਾਂਦਾ ਹੈ ਉਸਨੂੰ ਫਿਰ ਹਰ ਪਾਸੇ ਅਤੇ ਹਰ ਹਾਲਤ ਵਿੱਚ ਪ੍ਰਮੇਸ਼ਰ ਦਾ ਹੁਕਮ ਵਰਤ ਰਿਹਾ ਪ੍ਰਤੀਤ ਹੁੰਦਾ ਹੈ।

– ਹੁਕਮੇ ਆਵੈ ਹੁਕਮੇ ਜਾਇ॥ ਆਗੈ ਪਾਛੈ ਹੁਕਮਿ ਸਮਾਇ॥ (੧੫੧)

ਅਤੇ ਪ੍ਰਮੇਸ਼ਰ ਦੇ ਹਰ ਥਾਂ ਵਰਤ ਰਹੇ ਹੁਕਮ ਦੀ ਸੂਝ ਉਸਦੇ ਸਾਰੇ ਡਰ ਦੂਰ ਕਰ ਦਿੰਦੀ ਹੈ। ਹੁਕਮ ਦੇ ਕੀ ਅਰਥ ਹਨ ਤੇ ਇਸ ਦੀ ਸੂਝ ਕਿਵੇਂ ਹੋਵੇ? ਜੋ ਵਰਤਦਾ ਹੈ ਜਾਂ ਕਦੀ ਵਰਤਿਆ ਸੀ ਜਾਂ ਅੱਗੇ ਵਰਤੇਗਾ ਸਭ ਕਰਤੇ ਦੇ ਹੁਕਮ ਦੀ ਖੇਡ ਹੈ।

– ਹੁਕਮੀ ਹੁਕਮੁ ਚਲਾਏ ਰਾਹੁ॥ (੨)

ਇਹ ਖਿਲਾਵਣਹਾਰ ਹੀ ਜਾਣਦਾ ਹੈ ਕਿ ਉਸਨੇ ਕਿਹੜੀ ਖੇਡ ਕਿਸ ਪਾਸੋਂ ਅਤੇ ਕਦੋਂ ਖਿਡਾਉਣੀ ਹੈ।

– ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥ (੨੦੬)

ਅਸੀਂ ਸਾਰੇ ਉਸਦੀਆਂ ਪੁਤਲੀਆਂ ਹਾਂ ਅਤੇ ਇਹ ਉਹੀ ਜਾਣਦਾ ਹੈ ਕਿ ਕਿਸ ਪੁਤਲੀ ਪਾਸੋਂ ਕਿਹੜੀ ਖੇਡ ਕਦੋਂ ਖਿਡਾਉਣੀ ਹੈ। ਇਹ ਉਸਦਾ ਹੁਕਮ ਰਜਾਈ ਮਾਮਲਾ ਹੈ। ਅਸੀਂ ਤਾਂ ਸਿਰ ਨਿਹੁੜਾਏ ਹੋਏ ਜੋ ਉਹ ਵਰਤਾਏ ਉਸਨੂੰ ਖੁਸ਼ੀ ਖੁਸ਼ੀ ਪ੍ਰਵਾਨ ਕਰਨਾ ਹੈ।

– ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ॥ (੬੭੭)

ਅਸਾਂ **"ਜੋ ਤੁਧੁ ਭਾਵੈ ਸੋਈ ਚੰਗਾ"** ਵਾਲੀ ਬਿਰਤੀ ਬਣਾ ਲੈਣੀ ਹੈ ਜਿਸਦੇ ਲਈ ਅਸਾਂ ਹਰ ਗੱਲ ਅਰਦਾਸ ਦੀ ਭਾਵਨਾ ਨਾਲ ਕਰਨੀ ਹੈ। ਉਹ ਸਾਡੀ ਅਰਦਾਸ ਸੁਣਦਾ ਤੇ ਪ੍ਰਵਾਣ ਕਰਦਾ ਹੈ ਜਾਂ ਨਹੀਂ, ਇਹ ਉਸਦੀ ਮਰਜ਼ੀ ਹੈ, ਸਾਡੀ ਗਿਲਾ ਗੁਜਾਰੀ ਦੀ ਉਥੇ ਥਾਂ ਨਹੀਂ। ਗਿਲਾ ਹਮੇਸ਼ਾਂ ਆਪਣੇ ਬਰਾਬਰ ਦੇ ਬੰਦੇ ਨਾਲ ਹੀ ਹੁੰਦਾ ਹੈ। ਆਪਣੇ ਤੋਂ ਵੱਡੇ ਨਾਲ ਗਿਲਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਸਦੇ ਸਾਹਮਣੇ ਨੀਵਾਂ ਹੋ ਕੇ ਵਿਚਰਨਾ ਪੈਂਦਾ ਹੈ, ਫਿਰ ਮਨੁੱਖ ਭੁੱਲਣਹਾਰ ਵੀ ਹੈ।

– ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥ (੬੧)

ਮਨੁੱਖ ਦੀ ਕੀ ਹਸਤੀ ਹੈ ਕਿ ਅਭੁੱਲ ਕਰਤਾਰ ਨੂੰ ਦੋਸ਼ ਦੇ ਸਕੇ। ਇੱਕ ਭੁੱਲਣਹਾਰ ਹੈ ਤੇ ਦੂਜਾ ਅਭੁੱਲ ਹੈ, ਭੁੱਲਣਹਾਰ ਦਾ ਸਿਰ ਅਭੁੱਲ ਅੱਗੇ ਹਮੇਸ਼ਾਂ ਨੀਵਾਂ ਰਹਿਣਾ ਹੈ ਜਿਸਦੇ ਲਈ ਉਸਨੇ ਨਿਰੰਕਾਰ ਦੇ ਭੈ ਨੂੰ ਕਦੀ ਵੀ ਭੁੱਲਣਾ ਨਹੀਂ ਹੁੰਦਾ। ਉਸਦਾ ਨਿਰੰਕਾਰ ਨਾਲ ਪੁੱਤਰ ਅਤੇ ਬਾਪ ਦਾ ਸੰਬੰਧ ਹੈ। ਪੁੱਤਰ ਨੇ ਹਮੇਸ਼ਾਂ ਪਿਤਾ ਦੀ ਆਗਿਆ ਵਿੱਚ ਰਹਿੰਦੇ ਹੋਏ ਉਸ ਨਾਲ ਪਿਆਰ ਕਰਨਾ ਹੈ, ਇਸ ਪ੍ਰਥਾਇ ਗੁਰੂ ਫੁਰਮਾਨ ਇਉਂ ਹੈ:

– ਭੈ ਬਿਨੁ ਭਗਤਿ ਨ ਹੋਈ ਕਬ ਹੀ ਭੈ ਭਾਇ ਭਗਤਿ ਸਵਾਰੀ॥ (੯੧੧)

ਪ੍ਰਭੂ ਦੀ ਭਗਤੀ ਕਰਨ ਵਾਲੇ ਦੇ ਹਿਰਦੇ ਅੰਦਰ ਵਾਹਿਗੁਰੂ ਦਾ ਭੈ ਤੇ ਭਾਉ ਦੋਨੋਂ ਸਮਾਨ ਸਥਿਤੀ ਵਿੱਚ ਹੋਣੇ ਜ਼ਰੂਰੀ ਹਨ। ਇਸੇ ਲਈ ਗੁਰੂ ਫੁਰਮਾਨ ਹੈ:

– ਹਰਿ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ ਹੋਈ॥ (੧੧੧੫)

ਮਨੁੱਖਾ ਜੀਵਨ ਅੰਦਰ ਭਉ ਅਤੇ ਭਾਉ ਦੋਨਾਂ ਦਾ ਸੰਬੰਧ ਦਰਸਾਉਣ ਲਈ ਬਾਣੀ ਅੰਦਰ ਪਤੀ ਤੇ ਪਤਨੀ ਦੀ ਮਿਸਾਲ ਬਹੁਤ ਵਾਰੀ ਵਰਤੀ ਹੈ।

- ਤੁਮ੍ ਗਉਹਰ ਅਤਿ ਗਹਿਰ ਗੰਭੀਰਾ ਤੁਮ ਪਿਰ ਹਮ ਬਹੁਰੀਆ ਰਾਮ॥ (੭੭੯)

ਅਤੇ ਪਤਨੀ ਵੱਲੋਂ ਪਤੀ ਦੇ ਮਿਲਾਪ ਦੇ ਅਲੰਕਾਰ ਵਰਤ ਕੇ ਪਤੀ ਪ੍ਰਤੀ ਪਿਆਰ ਦੇ ਵਾਸਤੇ ਪਾਏ ਹਨ ਜਿਵੇਂ:

- ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ॥ ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ॥
ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ॥
ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ॥
ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ॥ (੨੪੩)

ਜਿਵੇਂ ਪਤਨੀ ਦੇ ਹਿਰਦੇ ਵਿੱਚ ਪਤੀ ਦੇ ਉਸ ਤੋਂ ਵੱਡੇ ਹੋਣ ਦੇ ਅਹਿਸਾਸ ਨਾਲ ਉਸਦਾ ਪਤੀ ਲਈ ਅਤੁੱਟ ਪਿਆਰ ਡੁੱਲ-ਡੁੱਲ ਪੈਂਦਾ ਹੈ ਇਉਂ ਹੀ ਮਨੁੱਖ ਦਾ ਪਤੀ ਪ੍ਰਮੇਸ਼ਰ ਨਾਲ ਪਿਆਰ ਅਤੇ ਉਸ ਦੇ ਵੱਡੇ ਹੋਣ ਦਾ ਅਹਿਸਾਸ ਹੋਣਾ ਚਾਹੀਦਾ ਹੈ। ਵਾਸਤਵ ਵਿੱਚ ਗੁਰਸਿੱਖੀ ਪਿਆਰ ਦਾ ਮਾਰਗ ਹੈ। ਇਸੇ ਲਈ ਗੁਰਬਾਣੀ ਅੰਦਰ ਪ੍ਰਮੇਸ਼ਰ ਨੂੰ ਪਿਆਰ ਦਰਸਾਉਂਦੇ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ ਜਿਵੇਂ:

- ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥ ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥
ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ॥
ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ॥
ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ॥
ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ॥ (੭੦੩)

ਸੁਪਨੇ ਵਿੱਚ ਪ੍ਰਭੂ ਪਿਆਰੇ ਦੇ ਦੀਦਾਰ ਹੋਏ, ਅਤਿਅੰਤ ਖੁਸ਼ੀ ਹੋਈ, ਪਰ ਸੁਪਨਾ ਆਖਿਰ ਸੁਪਨਾ ਹੀ ਸੀ। ਨੀਂਦ ਖੁੱਲ੍ਹ ਗਈ, ਪਿਆਰਾ ਅੱਖੋਂ ਉਹਲੇ ਹੋ ਗਿਆ, ਵਿਛੋੜਾ ਪ੍ਰਤੀਤ ਹੋਇਆ ਤੇ ਪਿਆਰ ਦੇ ਹੰਝੂ ਵਹਿ ਨਿਕਲੇ, ਹੁਣ ਸੁਪਨੇ ਲਈ ਤਰਲਾ ਲੈਂਦੇ ਹਨ ਕਿ ਸੁਪਨਾ ਫਿਰ ਆ ਜਾਵੇ, ਭਲਾ ਮੁੜ ਦੀਦਾਰ ਹੋ ਜਾਣ।

- ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥ (੫੫੯)

ਇਹ ਹੈ ਗੁਰਸਿੱਖੀ ਦੇ ਪਿਆਰ ਮਾਰਗ ਦੀ ਵੰਨਗੀ ਜਿਸ ਨੂੰ ਭੁੱਲ ਕੇ ਅਸੀਂ ਇਸ ਨੂੰ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ ਜਾਂ ਅਲਹ-ਅਲਹ ਦੇ ਰਟਨ ਤੱਕ ਸੀਮਤ ਕਰ ਦਿੱਤਾ ਹੋਇਆ ਹੈ। ਗੁਰਮਤਿ ਵਿੱਚ ਨਾਮ ਸਿਮਰਨ ਨਿਰਾ ਕਿਸੇ ਇੱਕ ਸ਼ਬਦ ਦਾ ਵਾਰ-ਵਾਰ ਰਟਨ ਨਹੀਂ ਸਗੋਂ ਵਾਹਿਗੁਰੂ ਜਾਂ ਵਾਹਗੁਰੂ ਕਹਿੰਦੇ ਹੋਏ ਉਸ ਪਰਮ ਹਸਤੀ ਨਾਲ ਇਕਸੁਰ ਹੋ ਜਾਣਾ ਹੁੰਦਾ ਹੈ।

- ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ॥ ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ॥
ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ॥ ਵਾਹੁ ਵਾਹੁ ਕਰਮੀ ਬੋਲੈ ਬੋਲਾਇ॥
ਵਾਹੁ ਵਾਹੁ ਕਰਤਿਆ ਸੋਭਾ ਪਾਇ॥ ਨਾਨਕ ਵਾਹੁ ਵਾਹੁ ਸਤਿ ਰਜਾਇ॥ (੫੧੪)

ਪਿਆਰੇ ਦੀ ਵਾਹੁ ਵਾਹੁ ਵਿਚ ਜੁੜ ਜਾਣਾ ਹੈ।

- ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥ (੯੯੧)

ਇਹ ਦਿਵਾਨਗੀ ਇਹੋ ਜੇਹੀ ਹੋਣੀ ਚਾਹੀਦੀ ਹੈ, ਗੁਰੂ ਅਰਜਨ ਦੇਵ ਜੀ ਸਮਝਾਉਂਦੇ ਹਨ ਕਿ ਜਿਵੇਂ ਮੱਛੀ ਦੀ ਪਾਣੀ ਨਾਲ, ਪਪੀਹੇ ਦੀ ਸਵਾਂਤੀ ਬੂੰਦ ਨਾਲ, ਹਿਰਨ ਦੀ ਘੰਡੇਹੇੜੇ ਦੇ ਰਾਗ ਨਾਲ ਅਤੇ ਭਉਰੇ ਦੀ ਫੁੱਲ ਦੀ ਮਹਿਕ ਨਾਲ ਪ੍ਰੀਤ ਹੈ, ਨਾਮ ਦੇ ਪਿਆਰਿਆਂ ਦੀ ਐਸੀ ਪ੍ਰੀਤਿ ਪ੍ਰਭੂ ਨਾਲ ਹੁੰਦੀ ਹੈ।

– ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥ ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥ ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥ (੭੦੮)

ਦਸਮ ਪਿਤਾ ਨੇ ਭੀ ਕੁੱਝ ਇਸ ਤਰ੍ਹਾਂ ਦੇ ਵਿਚਾਰ ਦਿੱਤੇ ਹਨ ਕਿ ਕੀ ਹੋਇਆ ਜੇ ਅੱਖਾਂ ਮੀਟਕੇ ਬਗਲੇ ਵਾਂਗ ਧਿਆਨ ਲਗਾਕੇ ਬੈਠ ਗਏ ਜਾਂ ਸੱਤ ਸਮੁੰਦਰਾਂ ਦੇ ਤੀਰਥ ਇਸ਼ਨਾਨ ਕਰ ਲਏ ਜਾਂ ਜੰਗਲਾਂ ਵਿੱਚ ਸਮਾਧੀਆਂ ਲਗਾ ਲਈਆਂ ਇਹ ਸਭ ਵਿਅਰਥ ਹਨ ਅਤੇ ਮੈਂ ਸੱਚ ਕਹਿੰਦਾ ਹਾਂ ਕਿ ਪ੍ਰਭੂ ਪ੍ਰਮਾਤਮਾ ਨੂੰ ਉਹੀ ਹੀ ਮਿਲ ਸਕੇਗਾ ਜੋ ਹਰ ਇੱਕ ਨਾਲ ਪਿਆਰ ਕਰੇਗਾ।

– ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ॥
ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ ਲੋਕ ਗਯੋ ਪਰਲੋਕ ਗਵਾਇਓ॥
ਬਾਸ ਕੀਓ ਬਿਖਿਆਨ ਸੋ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ॥
ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥ (ਤ੍ਵ ਪ੍ਰਸਾਦਿ ਸਵੱਯੇ)

ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ **"ਮਨ ਰੇ ਕਿਉ ਛੂਟਹਿ ਬਿਨੁ ਪਿਆਰ"** ਦਾ ਵਿਚਾਰ ਦਿੰਦੇ ਹੋਇ ਇਸ ਪਿਆਰ ਦੀ ਵੰਨਗੀ ਨੂੰ ਇਉਂ ਸਮਝਾਉਂਦੇ ਹਨ:

– ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ॥
ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ॥
ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ॥
ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ॥
ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ॥
ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ॥
ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ॥
ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ॥
ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈ ਦੇਇ॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ॥
ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ॥
ਮਨਮੁਖਿ ਸੋਝੀ ਨਾ ਪਵੈ ਗੁਰਮੁਖਿ ਸਦਾ ਹਜੂਰਿ॥ (੫੯)

ਉਪਰ ਆਏ ਸਾਰੇ ਪ੍ਰਮਾਣਾਂ ਤੋਂ ਸਪੱਸ਼ਟ ਹੈ ਕਿ ਗੁਰਸਿੱਖੀ ਨਿਰੋਲ ਪ੍ਰੀਤ ਦਾ ਮਾਰਗ ਹੈ। ਪ੍ਰੀਤ ਦੀ ਰੀਤ ਜਿਵੇਂ ਵੀ ਪੂਰੀ ਹੁੰਦੀ ਹੋਵੇ ਉਸਨੂੰ ਅਪਨਾਉਣ ਤੋਂ ਸੰਕੋਚ ਨਹੀਂ। ਜੇ ਪਿਆਰੇ ਨੂੰ ਉੱਡਕੇ ਮਿਲ ਸਕਦਾ ਹੋਵਾਂ ਤਾਂ ਆਪਣੇ ਵਜ਼ਨ ਬਰਾਬਰ ਖੰਭ ਖ੍ਰੀਦ ਲਵਾਂ।

– ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥ ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥ (੧੪੨੬)

ਬਲਕਿ ਜੇ ਕੋਈ ਮੇਰੇ ਪ੍ਰੀਤਮ ਨਾਲ ਮੈਨੂੰ ਮਿਲਾ ਸਕਦਾ ਹੋਵੇ ਤਾਂ ਮੈਂ ਉਸ ਪਾਸ ਵਿਕਣ ਨੂੰ ਤਿਆਰ ਹਾਂ।

– ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥ .....
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ .....
ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ॥ (੭੫੭)

ਏਥੇ ਹੀ ਬਸ ਨਹੀਂ ਸਗੋਂ ਆਪਣੇ ਆਪ ਨੂੰ ਪਿਆਰੇ ਦੇ ਦਰ ਦਾ ਕੂਕਰ ਕਹਿਣ ਦੀ ਖੁਸ਼ੀ ਮਾਣੀ ਹੈ।

– ਹਮ ਕੂਕਰ ਤੇਰੇ ਦਰਬਾਰਿ॥ ਭਉਕਹਿ ਆਗੈ ਬਦਨੁ ਪਸਾਰਿ॥ (੯੬੯)

ਇਉਂ ਗੁਰਸਿੱਖੀ ਆਪਾ ਗਵਾਉਣ ਦਾ ਮਾਰਗ ਸਿੱਧ ਹੁੰਦਾ ਹੈ।

– ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥
ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ॥
ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ॥
ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ॥ (੭੨੨)

ਪ੍ਰੰਤੂ ਸੁੰਦਰ ਸਰੂਪ ਅਤੇ ਸਿਆਣੀ ਸਮਝੇ ਜਾਣ ਉਪਰੰਤ ਭੀ ਪ੍ਰੀਤ ਦੀ ਰੀਤ ਵਿੱਚ ਫ਼ਰਕ ਨਹੀਂ ਆਉਂਦਾ ਸਗੋਂ ਪ੍ਰੀਤਮ ਦੇ ਪਿਆਰ ਅੰਦਰ ਉਸ ਤੋਂ ਸਦਕੇ ਜਾਣਾ ਨਿਤਾਪ੍ਰਤੀ ਦੀ ਕਾਰ ਬਣ ਜਾਂਦੀ ਹੈ। ਇਉਂ ਸੁਹਾਗਣ ਨੇ ਆਪਣੇ ਪ੍ਰੀਤਮ ਨਾਲ ਪਿਆਰ ਦੀ ਰੀਤ ਪਾਲਣੀ ਹੁੰਦੀ ਹੈ।

– ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ॥ (੫੪)

ਪਰ ਇਸਦੇ ਨਾਲ ਵੀ ਗੱਲ ਮੁੱਕਦੀ ਨਹੀਂ ਜਦੋਂ ਤੱਕ ਉਹ ਪ੍ਰੀਤਮ ਵੱਲੋਂ ਪਿਆਰੀ ਨਾ ਜਾਵੇ। ਵੈਸੇ ਤਾਂ :

– ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ॥ (੫੩)

ਪਰ ਸਵਾਲ ਤਾਂ ਪਿਆਰ ਦੇ ਪ੍ਰਵਾਣ ਪੈਣ ਦਾ ਹੈ ਅਥਵਾ ਪ੍ਰੀਤਮ ਨੇ ਉਸਦੇ ਪਿਆਰ ਨੂੰ ਕਬੂਲ ਕੀਤਾ ਅਤੇ ਮੋੜਵਾਂ ਪਿਆਰ ਉਸਨੂੰ ਦਿੱਤਾ ਹੈ ਜਾਂ ਨਹੀਂ। ਜੇ ਏਨਾ ਕੁਝ ਕਰਕੇ ਵੀ ਉਹ ਪ੍ਰੀਤਮ ਦੇ ਪਿਆਰ ਤੋਂ ਵਾਂਝੀ ਰਹੀ ਹੈ ਤਾਂ ਹਾਲੇ ਕਸਰ ਹੈ ਜੋ ਆਪਣੇ ਪਿਆਰ ਦੀ ਵਧੇਰੀ ਨਿੱਘ ਦੁਆਰਾ ਉਸਨੇ ਪੂਰੀ ਕਰਨੀ ਹੈ।